# ਭਾਰਤ ਛੋੜੋ

(50 ਸਾਲ ਪਹਿਲੇ)

ਕਥਾਕਾਰ : ਭਾਰਤ ਛੋੜੋ ਦਾ ਅੰਦੋਲਨ ਭਾਰਤ ਦੀ ਜੰਗੇ ਆਜ਼ਾਦੀ ਦੇ ਇਤਿਹਾਸ ਵਿਚ ਇਕ ਸਿਖਰ ਦਾ ਕਾਂਡ ਹੈ। ਇਸੇ ਅੰਦੋਲਨ ਦੇ ਪੰਜ ਸਾਲਾਂ ਬਾਅਦ ਅੰਗਰੇਜ਼ ਨੂੰ ਭਾਰਤ ਛੱਡਣਾ ਪਿਆ। ਇਸ ਅੰਦੋਲਨ ਦੀ ਜਦੋਂ ਅਸੀਂ ਅੱਜ ਯਾਦ ਮਨਾ ਰਹੇ ਹਾਂ ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਅੰਦੋਲਨ ਦੇ ਇਤਿਹਾਸ ਨੂੰ ਜਾਣੀਏ ਅਤੇ ਨਾਲ ਹੀ ਅੱਜ ਦੇ ਸੰਦਰਭ ਵਿਚ ਆਪਣੇ ਕਰਤਵ ਨੂੰ ਪਛਾਣੀਏ – ਅਸੀਂ ਇਕ ਕਾਵਿਕ ਫੀਚਰ ਵਿਚ ਇਹ ਸਭ ਕੁਝ ਪੇਸ਼ ਕਰਨ ਦਾ ਯਤਨ ਕਰ ਰਹੇ ਹਾਂ, ਜਿਸਦਾ ਆਧਾਰ ਡਾ: ਬਲਬੀਰ ਸਿੰਘ ਦਿਲ ਦੇ ਮਹਾਂ ਕਾਵਿ 'ਆਜ਼ਾਦੀ ਦੀ ਕਹਾਣੀ' ਦਾ ਪੰਜਵਾਂ ਖੰਡ ਹੈ।

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ

ਕੋਰਸ-1 : ਭਾਰਤ ਛੋੜੋ ਦਾ ਅੰਦੋਲਨ
ਜੰਗੇ ਆਜ਼ਾਦੀ ਦਾ ਹੈ ਸਿਖਰ ਅੰਦੋਲਨ
ਹਿੰਦੀਆਂ ਜਦੋਂ ਗੱਲ ਇਹ ਆਖੀ
ਕਰਾਂਗੇ ਅਸੀਂ ਹੱਕ ਦੀ ਰਾਖੀ
ਜ਼ੰਜ਼ੀਰ ਗੁਲਾਮੀ ਦੀ ਅਸੀਂ ਤੋੜਾਂਗੇ
ਲੜਾਂਗੇ ਜਾਂ ਅਸੀਂ ਮਰਾਂਗੇ

ਸਾਰਾ ਕੋਰਸ : ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ
ਮੋੜੋ, ਮੋੜੋ, ਮੋੜੋ... ... ...

ਕੋਰਸ : ਹੱਕਾਂ ਵਿਚੋਂ ਹੱਕ ਬੁਨਿਆਦੀ
ਕਹਿੰਦੇ ਉਹਨੂੰ ਲੋਕ ਆਜ਼ਾਦੀ
ਕੌਮਾਂ ਨੂੰ ਅਣਖ ਨਾਲ ਜੀਣਾ ਦੱਸਦੀ
ਲੋਕਾਂ ਨੂੰ ਅਣਖ ਨਾਲ ਮਰਨਾ ਦੱਸਦੀ
ਆਜ਼ਾਦੀ ਪੇਸ਼ ਹਾਂ ਕਰਦੇ

ਮਹਾਂ ਕਾਵਿ ਵਿਚ ਪ੍ਰਵੇਸ਼ ਹਾਂ ਕਰਦੇ
ਮਹਾਂ ਕਾਵਿ ਬਲਬੀਰ ਸਿੰਘ ਦਿਲ ਦੀ ਜ਼ੁਬਾਨੀ
ਸਿਰਲੇਖ ਇਸਦਾ ਆਜ਼ਾਦੀ ਦੀ ਕਹਾਣੀ
ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਵਾਪਸ ਮੋੜੋ

1 : ਸਤੰਬਰ ਉਨਤਾਲੀ ਜਦ ਸੀ ਆਇਆ।
2 : ਦੂਜਿਆਂ ਨੂੰ ਉਹਨੇ ਵਖਤ ਸੀ ਪਾਇਆ
3 : ਜੰਗ ਦੇ ਬਦਲ ਯੋਰਪ 'ਤੇ ਛਾਏ।
4 : ਹਿਟਲਰ ਨੇ ਪੋਲੈਂਡ ਤੇ ਜਾ ਝੰਡੇ ਲਹਿਰਾਏ।
1 : ਇੰਗਲੈਂਡ ਅਤੇ ਫਰਾਂਸ ਪੋਲੈਂਡ ਦੀ ਮਦਦ 'ਤੇ ਆਏ।
2 : ਜਰਮਨੀ ਨੇ ਜਾਪਾਨ ਤੇ ਇਟਲੀ ਪਹਿਵਰ ਸ਼ਕਤੀ ਨਾਲ ਰਲਾਏ।
3 : ਵਿਸ਼ਵ ਜੰਗ ਦਾ ਹੋਇਆ ਏਲਾਨ
4 : ਸਾਰਾ ਜੱਗ ਖੜਾ ਹੈਰਾਨ
1 : ਇੰਗਲੈਂਡ ਸੀ ਭਾਰਤ ਦਾ ਮਾਲਕ
2 : ਅਖੇ ਭਾਰਤੀ ਆਪੇ ਜੰਗ ਵਿਚ ਸ਼ਾਮਲ
3 : ਪਰ ਭਾਰਤੀ ਆਖਣ ਅਸੀਂ ਕਿਉਂ ਮਰੀਏ ?
4 : ਬਗਾਨੀ ਅੱਗ ਅਸੀਂ ਕਿਉਂ ਸੜੀਏ ?
1 : ਹਾਂ ਜੇਕਰ ਸਾਨੂੰ ਦਿਓ ਆਜ਼ਾਦੀ
2 : ਜੋ ਹੈ ਸਾਡਾ ਹੱਕ ਬੁਨਿਆਦੀ
3 : ਤਾਂ ਭਾਰਤ ਜੰਗ ਵਿਚ ਮਦਦ ਕਰਾਏ
4 : ਆਪਣਾ ਹਿੱਸਾ ਤਾਂ ਹੀ ਪਾਏ।
1 : ਭਾਰਤ ਛੋੜੋ ਦੀ ਸੀ ਇਹ ਮੁੱਢਲੀ ਬਾਤ
2 : ਜਿਸ 'ਤੇ ਪਾਣੀ ਹੈ ਅਸੀ ਇਕ ਝਾਤ

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ
ਐਪਰ ਲੰਡਨ ਮੂਲ ਨਾ ਮੰਨਿਆ
ਪਹਿਲੇ ਵਾਂਗ ਹੀ ਟਰਕਾਇਆ।
ਰਾਜ ਭਾਗ 'ਚੋਂ ਦੇ ਅਸਤੀਫੇ
ਕਾਂਗਰਸ ਟੱਕਰ ਵਾਲਾ ਰਾਹ ਅਪਣਾਇਆ
ਉਧਰੋਂ ਜਿਨਾਹ ਨੇ ਨੇੜੇ ਹੋਕੇ

ਵੀਟੋ ਦਾ ਅਧਿਕਾਰ ਸੀ ਪਾਇਆ
ਪਾੜੋ ਤੇ ਰਾਜ ਕਰੋ
ਅੰਗਰੇਜ਼ ਦੀ ਸੀ ਇਹ ਚਾਲ ਪੁਰਾਣੀ
ਨਾ ਸੀ ਇਹ ਕੋਈ ਨਵੀਂ ਕਹਾਣੀ
ਕਹਿੰਦੇ ਹਨ ਸੁਭਾਸ਼ ਤੇ ਨਹਿਰੂ
ਜਿਨਾਹ ਨੂੰ ਮੁੜ ਮੁੜ ਸਮਝਾਇਆ।
ਲੰਮੀ ਖਤੋ ਖ਼ਿਤਾਬਤ ਪਿੱਛੋਂ
ਜਿਨਾਹ ਦਾ ਜੱਦ ਉਤਰ ਆਇਆ।
ਸੁਭਾਸ਼ ਅਤੇ ਨਹਿਰੂ ਤਾਂ ਕਿਥੇ
ਉਹਨੇ ਸਾਰੀ ਕੌਮ ਡਰਾਇਆ।
ਗਿਆਰਾਂ ਮੰਗਾਂ ਮੰਗੀਆਂ ਉਸਨੇ
ਕੇਵਲ ਦੋ ਨੂੰ ਹੈ ਦੁਹਰਾਇਆ।
ਜੋ ਕਮਿਊਨਲ ਐਵਾਰਡ ਹੈ ਮੰਨੋ
ਨਾਲ ਹੀ ਉਸ ਨੇ ਆਖ ਸੁਣਾਇਆ।
ਬੰਦੇ ਮਾਤਰਮ ਗੀਤ ਜੋ ਕੌਮੀ
ਬੰਦ ਕਰੋ ਨਾਂ ਆਪਾ ਭਾਇਆ।
ਅਗਸਤ ਵਿਚ ਸਰਕਾਰ ਵਲੈਤੋਂ
ਗੋਲ-ਮੋਲ ਐਲਾਨ ਕਰਾਇਆ।
ਯੁੱਧ ਪਿਛੋਂ ਨਵ ਬਸਤੀ ਪੱਦ ਲਈ
ਵਿਧਾਨ ਬਣੂ ਸੰਕੇਤ ਦੁਆਇਆ।
ਦੂਜੇ ਪਲ ਪਰ ਫੜੋ ਫੜੀ ਦਾ
ਮਹਾਂ ਭਿਆਨਕ ਦੌਰ ਚਲਾਇਆ।
ਕਾਂਗਰਸ ਨੇ ਐਲਾਨ ਨਵੇਂ ਨੂੰ
ਸਮਝਕੇ ਵੱਲ ਛਲ ਸੀ ਠੁਕਰਾਇਆ।
ਨਾਲ ਹੀ ਭਾਰਤ ਛੋੜ ਦਿਓ ਦਾ
ਮਹਾਂ ਅੰਦੋਲਨ ਸ਼ੁਰੂ ਕਰਾਇਆ।

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ
ਆਜ਼ਾਦੀ ਖਾਤਿਰ ਅਸੀਂ ਲੜਾਂਗੇ
ਲੜਾਂਗੇ ਜਾਂ ਅਸੀਂ ਮਰਾਂਗੇ
ਆਜ਼ਾਦੀ ਸਾਡਾ ਬੁਨਿਆਦੀ ਹੱਕ

ਗੋਰਿਆ ਹੁਣ ਤੂੰ ਇਥੇ ਰੱਖ
– : ਲੰਡਨ ਵਿਚ ਜਦ ਖ਼ਬਰਾਂ ਪੁੱਜੀਆਂ
ਲੱਗਾ ਹੋਣ ਅੰਦੋਲਨ ਭਾਰੀ
ਸਚ ਕ੍ਰਿਪਸ ਭਾਰਤ ਵਿਚ ਪੁੱਜਾ
ਹੱਥ ਵਿਚ ਥੈਲਾ ਚਤੁਰ ਮਦਾਰੀ
ਥੈਲੇ ਵਿਚ ਕੀ ? ਕੋਈ ਨਾਂ ਜਾਣੇ
ਖੋਟੀ ਨੀਅਤ ਮਦਾਰੀ ਵਾਲੀ
ਭਾਵੇਂ ਹਰ ਕੋਈ ਖ਼ੂਬ ਪਛਾਣੇ
ਕ੍ਰਿਪਸ ਭਾਰਤ ਵਿਚ ਆਇਆ
ਹਰ ਲੀਡਰ ਉਸਨੇ ਉਲਝਾਇਆ
ਮੁੱਢ ਵਿਚ ਗਾਂਧੀ ਪ੍ਰੇਮ ਵਿਖਾਇਆ
ਜਵਾਹਰ ਲਾਲ ਵੀ ਹੱਥ ਵਧਾਇਆ
ਐਪਰ ਜਦੋਂ ਜਿਨਾਹ ਗੁਰੜਾਇਆ
ਫੀਰੋਜ਼ਖਾਨ ਵੀ ਸ਼ੋਰ ਮਚਾਇਆ
ਵਾਇਸਰਾਏ ਨੇ ਸ਼ੁਕਰ ਮਨਾਇਆ
ਕ੍ਰਿਪਸ ਨੇ ਦੋਹਾਂ ਤਾਈਂ ਲੜਾਇਆ
ਲੰਡਨ ਵਿਚ ਸਾਇਮਨ ਐਮਰੀ ਵਰਗੇ ਜੋਸਨ ਬੈਠੇ
ਉਹਨਾਂ ਨੇ ਵੀ ਹਿੱਸਾ ਆਪਣਾ ਪਾਇਆ
ਮੁਸਲਿਮ ਹਿੱਤ ਉਹਨਾਂ ਪੂਰਾ ਅਪਣਾਇਆ
ਕ੍ਰਿਪਸ ਮਿਸ਼ਨ ਸੀ ਫੇਲ੍ਹ ਕਰਾਇਆ
ਭਾਰਤ ਛੋੜੋ ਅੰਦੋਲਨ ਦਾ ਸੀ ਰਾਹ ਬਣਾਇਆ
ਹਿੰਦੀਆਂ ਸੀ ਇਹ ਨਾਅਰਾ ਲਾਇਆ
ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ
ਸਾਡਾ ਦੇਸ਼ ਹੈ ਸਾਡਾ ਦੇਸ਼
ਲਗਦਾ ਕੀ ਹੈ ਇਥੇ ਅੰਗਰੇਜ਼
ਦੇਸ਼ ਦੀ ਖਾਤਿਰ ਅਸੀਂ ਲੜਾਂਗੇ
ਆਜ਼ਾਦੀ ਦਾ ਝੰਡਾ ਉੱਚਾ ਕਰਾਂਗੇ
ਸਾਡੀ ਹੈ ਇਹ ਇਕੋ ਮੰਗ
ਸਾਡੀ ਹੈ ਇਹ ਇਕੋ ਮੰਗ
– ਕ੍ਰਿਪਸ ਮਿਸ਼ਨ ਦੇ ਫੇਲ੍ਹ ਹੋਣ ’ਤੇ

ਕਾਂਗਰਸ ਸੋਚੇ ਗੋਰੇ ਕੱਢੀਏ
ਲਾਲ ਕਿਲ੍ਹੇ ਦੇ ਉਤੇ ਚੜ੍ਹਕੇ
ਆਪਣੇ ਦੇਸ਼ ਦਾ ਝੰਡਾ ਗੱਡੀਏ
ਨਹਿਰੂ ਆਖੇ ਲਵੋ ਆਜ਼ਾਦੀ
ਮੰਗਤੇ ਬਣਕੇ ਹੱਥ ਕਿਉਂ ਅੱਡੀਏ
ਆਜ਼ਾਦ ਕਰ ਸਰਕਾਰ ਨੂੰ ਮਿਲੀਏ
ਤੀਰ ਮੁਹੱਬਤ ਦਾ ਮੁੜ ਛਡੀਏ
ਗਾਂਧੀ ਆਖੇ ਜੰਗ ਦਾ ਖਤਰਾ
ਰਾਜ ਬਦੇਸ਼ੀ ਜੜ੍ਹ ਤੋਂ ਵੱਢੀਏ
ਰਾਜ ਗੋਪਾਲ ਆਚਾਰੀ ਆਖੇ
ਪਾਕਿਸਤਾਨ ਦੀ ਮੰਗ ਨਾ ਰੱਖੀਏ
ਓੜਕ ਗੱਲ ਗਾਂਧੀ ਦੀ ਮੰਨ
ਨਹਿਰੂ ਆਖੇ ਕਿਵੇਂ ਉਲੱਦੀਏ
ਰਿਹਾ ਹੁਣ ਕੋਈ ਹੋਰ ਨਾ ਚਾਰਾ
ਹਰ ਪਾਸਿਓਂ ਉਠੇ ਇਹ ਨਾਅਰਾ

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ

– : ਵਾਰਧਾ ਅੰਦਰ ਮੀਟਿੰਗ ਕਰਕੇ
ਚਵ੍ਹੀ ਦਿਨਾਂ ਦਾ ਕੀਤਾ ਨੋਟਿਸ ਜਾਰੀ
ਜੇ ਨਾ ਕੀਤਾ ਗਿਆ ਸਮਝੌਤਾ
ਅੱਠ ਅਗਸਤ ਅੰਦੋਲਨ ਭਾਰੀ
ਰੂਜ਼ਵੈਲਟ ਅਤੇ ਚਿਆਂਗ ਨੇ
ਚਰਚਲ ਨੂੰ ਸੀ ਅਰਜ਼ ਗੁਜ਼ਾਰੀ
ਕਿਸੇ ਤਰ੍ਹਾਂ ਵੀ ਗੱਲ ਮੁਕਾਓ
ਮਹਾਂ-ਅੰਦੋਲਨ ਨਿਰੀ ਖੁਆਰੀ
ਐਪਰ ਚਰਚਲ ਮਹਾਂ ਢੀਠ ਸੀ
ਤੋਪਾਂ ਟੈਂਕਾਂ ਨੇ ਮਤ ਮਾਰੀ
ਸੱਤ ਅਗਸਤ ਗਾਂਧੀ ਬੇਚੈਨੀ
ਵਾਇਸਰਾਏ 'ਤੇ ਦਹਿਸ਼ਤ ਭਾਰੀ
ਅੱਠ ਅਗਸਤ ਨਹਿਰੂ ਕਰਵਾਇਆ
ਮਤਾ ਪਾਸ ਅੰਦੋਲਨ-ਕਾਰੀ

ਅਗਲਾ ਦਿਨ ਚੜ੍ਹਿਆ ਨਾ ਹਾਲੇ
ਫੜੇ ਗਏ ਸਨ ਆਗੂ ਸਾਰੇ
ਗਾਂਧੀ, ਨਹਿਰੂ ਆਜ਼ਾਦ ਪਟੇਲੇ,
ਜੈ ਪ੍ਰਕਾਸ਼ ਜਿਹੇ ਲੀਡਰ ਭਾਰੇ
ਜਨਤਾ ਸੀ ਗੁੱਸੇ ਵਿਚ ਭੜਕੀ
ਜਲਸੇ, ਜਲੂਸ ਤੇ ਗੂੰਜਣ ਨਾਅਰੇ।

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ

– : ਹਾਂ ਜਨਤਾ ਸੀ ਗੁੱਸੇ ਵਿਚ ਭੜਕੀ
ਜਲਸੇ ਜਲੂਸ ਤੇ ਗੂੰਜਣ ਨਾਅਰੇ
ਸਾਰੇ ਮੁਲਕ ਦੇ ਵਿਚ ਹੜਤਾਲਾਂ
ਲਾਠੀ ਗੋਲੀ ਪੁਲਿਸ ਦੇ ਕਾਰੇ
ਹਿੰਸਾ ਅਤੇ ਅਹਿੰਸਾ ਦੋਵੇਂ
ਯੁਵਕ ਯੁਵਕੀਆਂ ਦੇ ਵਰਤਾਰੇ
ਥਾਂ-ਪਰ-ਥਾਂ ਸੀ ਤਾਰਾਂ ਟੁੱਟੀਆਂ
ਰੇਲ, ਮੇਲ ਤੇ ਫੋਨ ਖਲ੍ਹਾਰੇ
ਕਈ ਸਟੇਸ਼ਨ ਅੱਗ ਦੀ ਭੇਟਾ
ਡਾਕਖਾਨੇ ਵੀ ਲੋਕਾਂ ਸਾੜੇ
ਉੱਡੇ ਪੁਲ ਸਰਕਾਰੀ ਦਫਤਰ
ਅਫਸਰ ਦੌੜੇ ਡਰ ਦੇ ਮਾਰੇ
ਸੰਨ-ਸਤਵੰਜਾ ਗ਼ਦਰ ਸਮੇਂ ਤੋਂ
ਪਿਛੋਂ ਸਮਝੋ ਦੂਜੀ ਵਾਰੇ
ਭਾਰਤ ਦੀ ਜਨਤਾ ਯੁੱਧ ਕੀਤਾ
ਰਾਜ ਫਰੰਗੀ ਤੋੜਣ ਬਾਰੇ
ਉੱਚੀ ਉਹਨਾਂ ਨਾਅਰਾ ਲਾਇਆ
ਨਾਅਰੇ ਨਾਲ ਅਸਮਾਨ ਗੁੰਜਾਇਆ

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ
ਸਾਡੀ ਹੈ ਹੁਣ ਇਕੋ ਮੰਗ
ਸਾਡੀ ਹੈ ਹੁਣ ਇਕੋ ਜੰਗ

ਅੰਗਰੇਜ਼ ਨੂੰ ਇਥੋਂ ਕੱਢਣਾ ਹੈ
ਕਰਨਾ ਹੈ ਯਾ ਮਰਨਾ ਹੈ

– : ਸੰਨ-ਸਤਵੰਜਾ ਗਦਰ ਵਾਂਗ ਪਰ
ਹੁਣ ਵੀ ਯੋਧੇ ਜਿੱਤ ਕੇ ਹਾਰੇ
ਤੋਪਾਂ ਟੈਂਕਾਂ ਅਤੇ ਬੰਦੂਕਾਂ
ਸਨਮੁਖ ਹਿੰਦੀ ਬੇ-ਹਥਿਆਰੇ
ਦੂਜੇ ਲੀਡਰ ਸਨ ਵਿਚ ਜੇਲ੍ਹਾਂ
ਦਿਸ਼ਾ-ਹੀਣ ਸਨ ਵਰਕਰ ਸਾਰੇ
ਪਰ ਅੱਗ ਜੋ ਭੜਕੀ ਇਕ ਸੀ ਵਾਰੇ
ਦੂਰ ਤੀਕ ਛੱਡੇ ਲਿਸ਼ਕਾਰੇ
ਵਿਲਕੀ, ਜਿਨ ਯੁਤਾਂਗ, ਪਰਲ ਬੱਕ
ਚਿਆਂਗ-ਗੇਕ ਤੱਕ ਭਰਨ ਹੁੰਗਾਰੇ
ਚਰਚਲ ਵੀ ਅੰਦਰੋਂ ਸੀ ਡਰਿਆ
ਬੇਸ਼ਕ ਉਪਰੋਂ ਬੜਕਾਂ ਮਾਰੇ
ਭਾਰਤ 'ਚੋਂ ਨਿਕਲਣ ਲਈ ਗੋਰੇ
ਲਗ ਪਏ ਸੀ ਕਰਨ ਤਿਆਰੇ
ਭਾਵੇਂ ਯੋਧੇ ਜਿੱਤ ਕੇ ਹਾਰੇ
ਪਰ ਲਹਿਰ ਹੀ ਹਾਰ ਕੇ ਜਿੱਤੀ
ਭਾਰਤ ਨੂੰ ਇਸ ਆਜ਼ਾਦੀ ਲੈ ਕੇ ਦਿੱਤੀ
ਗੋਰੇ ਨੂੰ ਦਿੱਤਾ ਜਿਸਨੇ ਹੂੰਝ
ਉਸ ਨਾਅਰੇ ਦੀ ਹਾਲੀ ਵੀ ਗੂੰਜ

ਕੋਰਸ : ਛੋੜੋ, ਛੋੜੋ, ਛੋੜੋ
ਅੰਗਰੇਜ਼ੋ ਤੁਸੀਂ ਭਾਰਤ ਛੋੜੋ
ਸਾਡਾ ਰਾਜ ਤੁਸੀਂ ਸਾਨੂੰ ਮੋੜੋ
ਸਾਡਾ ਦੇਸ਼ ਹੈ ਸਾਡਾ ਦੇਸ਼
ਲਗਦਾ ਕੀ ਹੈ ਇਥੇ ਅੰਗਰੇਜ਼
ਆਜ਼ਾਦੀ ਸਾਡਾ ਬੁਨਿਆਦੀ ਹੱਕ
ਉਹ ਤੂੰ ਹੁਣ ਇਥੇ ਰੱਖ
ਆਜ਼ਾਦੀ ਖਾਤਿਰ ਅਸੀਂ ਲੜਾਂਗੇ
ਲੜਾਂਗੇ ਜਾਂ ਅਸੀਂ ਮਰਾਂਗੇ।

– : ਪਰ ਜਦ ਇਹ ਆਜ਼ਾਦੀ ਆਈ
ਇਸਨੇ ਕਈ ਰੰਗ ਵਿਖਾਏ

ਮੁਲਕ ਸੀ ਇਕ ਜੋ ਸਭ ਦਾ ਸਾਂਝਾ
ਉਹਦੀ ਥਾਂ ਦੋ ਮੁਲਕ ਬਣਾਏ
ਪਾਕਿਸਤਾਨੋਂ ਟੁਰੇ ਕਾਫਿਲੇ
ਡਰਦੇ ਕੰਬਦੇ ਹਿੰਦ ਵਿਚ ਆਏ
ਹਿੰਦ ਵਿਚੋਂ ਵੀ ਟੁਰੇ ਕਾਫਿਲੇ
ਡਰਦੇ ਕੰਬਦੇ ਪਾਕ ਸਿਧਾਏ
ਸ਼ਹਿਰਾਂ ਦੇ ਗਲੀ–ਬਜ਼ਾਰੀ
ਮਹਾਂ ਭਿਆਨਕ ਮੌਤ ਦੇ ਸਾਏ
ਲੱਖਾਂ ਸਨ ਸ਼ਰਨਾਰਥੀ ਰੋਂਦੇ
ਜਿਨ੍ਹਾਂ ਲੇਖਕ ਕਵੀ ਰੁਆਏ
ਮੈਂ ਵੀ ਰੋਇਆ ਬਹੁਤ ਸਾਂ ਓਦੋਂ
ਜਦੋਂ ਰੋਏ ਸਭ ਧਰਤੀ ਦੇ ਜਾਏ
ਉਨ੍ਹੀਂ ਦਿਨੀਂ ਸੁਪਨੇ ਵਿਚ ਰਾਤੀਂ
ਇਕ ਦੁਲਹਨ ਨਿਤ ਨਜ਼ਰੀ ਆਏ
ਤੁਰੰਤ ਪਛਾਣ ਲਿਆ ਮੈਂ ਉਸ ਨੂੰ
ਜਦ ਉਸ ਰੋ ਰੋ ਇਉਂ ਸੁਣਾਏ

ਆਜ਼ਾਦੀ : ਜੇਲ੍ਹਾਂ ਵਿਚ ਮੈਂ ਰਿੜ੍ਹਨਾ ਸਿੱਖਿਆ
ਕੰਢਿਆਂ ਉਪਰ ਥਿੜਨਾ ਸਿੱਖਿਆ
ਸੂਲੀ 'ਤੇ ਮੈਂ ਪੀਂਘਾਂ ਪਾਈਆਂ
ਪੀਂਘਾਂ ਪਾ ਕੇ ਖ਼ੂਬ ਚੜ੍ਹਾਈਆਂ
ਚੜ੍ਹਿਆ ਰੂਪ ਹੋਈ ਮੁਟਿਆਰ
ਮੇਰੇ ਆਸ਼ਿਕ ਲੱਖ ਹਜ਼ਾਰ
ਮੇਰੇ ਜੋਬਨ ਦੀ ਵਡਿਆਈ
ਸੁਣ ਸੁਣ ਹੋ ਗਏ ਕਈ ਸ਼ੁਦਾਈ
ਰਾਜ–ਭਾਗ ਕਈਆਂ ਨੇ ਛੱਡੇ
ਕਰਦੇ ਕਰਦੇ ਅਮਰ ਕਹਾਣੀ
ਪਹੁੰਚ ਗਏ ਕਈ ਕਾਲੇ ਪਾਣੀ
ਰੋਂਦੀ ਰੋਂਦੀ ਹਿੰਦ ਵਿਚ ਆਈ
ਹੰਝੂਆਂ ਨੇ ਸੀ ਖ਼ੁਸ਼ੀ ਛੁਪਾਈ
ਸਾਨੂੰ ਤੱਕ ਕੇ ਲਾਸ਼ਾਂ ਰੋਈਆਂ
ਘੁੱਟੀਆਂ ਦੱਬੀਆਂ ਖਾਹਸ਼ਾਂ ਰੋਈਆਂ
ਘੁੱਟ ਕਲੇਜੇ ਮਾਵਾਂ ਰੋਈਆਂ

ਬੂਟੇ ਸੜ ਗਏ ਛਾਵਾਂ ਰੋਈਆਂ
ਪੰਜਾਬਾਂ ਤੇ ਕਸ਼ਮੀਰਾਂ ਰੋਈਆਂ
ਕਈ ਰਾਂਝੇ ਕਈ ਹੀਰਾਂ ਰੋਈਆਂ
ਚੂੜੇ ਵਾਲੀਆਂ ਬਾਹਵਾਂ ਰੋਈਆਂ
ਮਾਸੂਮਾਂ ਦੀਆਂ ਆਹਵਾਂ ਰੋਈਆਂ
ਮਹਿੰਦੀ ਵਾਲੀਆ ਤਲੀਆਂ ਰੋਈਆਂ
ਫਿਸ ਫਿਸਕੇ ਕਈ ਕਲੀਆਂ ਰੋਈਆਂ
ਰੋਈਆਂ ਕਈ ਅਲ੍ਹੜ ਮੁਟਿਆਰਾਂ
ਰੋਈਆਂ ਕਈ ਕੂੰਜਾਂ ਦੀਆਂ ਡਾਰਾਂ
ਉਹ ਵੀ ਰੋਈਆਂ ਮੈਂ ਵੀ ਰੋਈ
ਰੋ ਰੋ ਕੇ ਮੈਂ ਕਮਲੀ ਹੋਈ
ਕੀ ਦੱਸਾਂ ਮੈਂ ਕਿਥੋਂ ਆਈ
ਕੀ ਦੱਸਾਂ ਮੈਂ ਕਿਸਦੀ ਜਾਈ
ਮਾਂ ਮੇਰੀ ਦਾ ਨਾਂ ਬਰਬਾਦੀ
ਵੀਰਾ ਮੇਰਾ ਨਾਮ ਆਜ਼ਾਦੀ

ਕਵੀ : ਰੋ ਰੋ ਕੇ ਉਸ ਦੁਲਹਨ ਨੇ
ਆਪਣੀ ਵਿਥਿਆ ਜਦੋਂ ਸੁਣਾਈ
ਖੜਾ ਰਿਹਾ ਮੈਂ ਸੁਪਨੇ ਅੰਦਰ
ਉਸਦੇ ਚਰਨੀ ਸੀਸ ਨਿਵਾਈ
ਬੀਤ ਗਏ ਨੇ ਕਈ ਦਹਾਕੇ
ਨਾਰ-ਨਵੇਲੀ ਜਦ ਸੀ ਆਈ
ਉਸਦਾ ਕਿਵੇਂ ਸੁਆਗਤ ਹੋਇਆ
ਕਿਸ ਕੀ ਦਿੱਤਾ ਘੁੰਡ ਚੁਕਾਈ
ਸੋਚ ਸੋਚ ਉਹ ਸਹਿਮ ਗਈ ਹੈ
ਵੇਖ ਬੇਕਦਰੀ ਹੈ ਪਥਰਾਈ
ਕਿਥੇ ਹਨ ਉਹ ਦੇਸ਼ ਭਗਤ ਜੋ
ਆਜ਼ਾਦੀ ਦੇ ਸਨ ਸ਼ੈਦਾਈ
ਰਾਜ ਭਾਗ ਦੀ ਭੁੱਖ ਨਹੀਂ ਸੀ
ਜਨ ਸੇਵਾ ਵਿਚ ਉਮਰ ਬਿਤਾਈ
ਤੇ ਅੱਜ ਜਦੋਂ ਸਭ ਯਾਦ ਹਾਂ ਕਰਦੇ
ਤਾਂ ਦੇਸ਼ ਵਾਸੀਆਂ ਨੂੰ ਫਰਿਯਾਦ ਹਾਂ ਕਰਦੇ

ਕੋਰਸ : ਛੋੜੋ, ਛੋੜੋ, ਛੋੜੋ

ਆਪਸੀ ਫੁੱਟ ਤੁਸੀਂ ਹੁਣ ਛੋੜੋ
ਇਕ ਦੂਜੇ ਨਾਲ ਸਿਰ ਤੁਸੀਂ ਜੋੜੋ
ਇਹ ਬੈਂਕ ਘੁਟਾਲੇ ਤੇ ਰਾਜਸੀ ਲੁੱਟ
ਧਰਮਾਂ ਤੇ ਨਾਂ 'ਤੇ ਆਪਸੀ ਫੁੱਟ
ਇਹ ਅੰਨੀ ਅਹਿੰਸਾ ਤੇ ਕਤਲ ਬੇਦੋਸ਼ੇ
ਮਜ਼ਹਬੀ ਜਨੂੰਨ ਤੇ ਰਾਜਸੀ ਸ਼ੋਸ਼ੇ
ਇਹ ਝੋਲੀ ਚੁੱਕੀ ਤੇ ਚਾਲ ਪਲੂਸੀ
ਸਲਾਮ ਉਸਨੂੰ ਨਾਂ ਜਿਸਦਾ ਕੁਰਸੀ
ਇਹ ਰਿਸ਼ਵਤ ਖੋਰੀ ਝੂਠ ਬੇਈਮਾਨੀ
ਇਹ ਨੇ ਸਭ ਤੌਰ ਗੁਲਾਮੀ
ਇਹ ਨਹੀਂ ਹਨ ਤੌਰ ਆਜ਼ਾਦੀ
ਆਜ਼ਾਦੀ ਦੀ ਕਰੀਏ ਸਭ ਅਸੀਂ ਰਾਖੀ
ਦੇਸ਼ ਭਗਤਾਂ ਨੂੰ ਸਾਡਾ ਇਹੋ ਸਲਾਮ
ਦੇਸ਼ ਭਗਤਾਂ ਨੂੰ ਸਾਡਾ ਇਹੋ ਪ੍ਰਨਾਮ
ਇਹਦੇ ਲਈ ਲਾਈ ਆ ਜਾਨ ਦੀ ਬਾਜ਼ੀ
ਬਣਾਈਏ ਇਕ ਐਸਾ ਸਮਾਜ
ਨਿਆਂ ਦਾ ਹੋਵੇ ਜਿਥੇ ਰਾਜ
ਰੋਟੀ ਕਪੜਾ ਤੇ ਮਕਾਨ
ਨਾਲ ਜੋੜੀ ਹੱਕ ਰੁਜ਼ਗਾਰ
ਸਭ ਨੂੰ ਦੇਵੋ
ਜਿਸ ਨੂੰ ਕਹਿੰਦੇ ਨੇ ਸਰਕਾਰ

*(ਸਮਾਪਤ)*